ਬੱਚਿਆਂ ਲਈ ਬਾਈਬਲ

ਉਪੱਸਥਿਤ

# ਯਿਸੂ ਨੇਂ ਸਮੁੰਦਰੀ ਤੂਫਾਨ ਨੂੰ ਸ਼ਾਂਤ ਕੀਤਾ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Ruth Klassen

Alastair Paterson

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2020 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਯਿਸੂ ਅਤੇ ਉਸਦੇ ਚੇਲੇ
ਬੇੜੀ ਵਿੱਚ ਸਨ ਜਦ
ਇੱਕ ਵੱਡਾ ਤੂਫਾਨ
ਉੱਠ ਖੜਾ ਹੋਇਆ।
ਉਸਨੇਂ ਗਲੀਲ ਦੇ
ਸਮੁੰਦਰ ਵਿੱਚ ਕਹਿਰ
ਭੜਕਾ ਦਿੱਤਾ। ਇਸ
ਤਰ੍ਹਾਂ ਦੇ ਤੂਫਾਨਾਂ ਦੇ
ਕਾਰਨ ਬੇੜੀਆਂ
ਟੁੱਟ ਅਤੇ ਡੁੱਬ
ਜਾਂਦੀਆਂ ਸਨ।

ਤੂਫਾਨ ਨੇਂ ਚੇਲਿਆਂ ਨੂੰ ਡਰਾ ਦਿੱਤਾ। ਲਹਿਰਾਂ ਨੇਂ ਬੇੜੀ ਨੂੰ ਢੱਕ ਲਿਆ, ਪਾਣੀ ਵਿੱਚ ਭਰ ਰਿਹਾ ਸੀਂ।



ਪਰ ਯਿਸੂ ਸਿਰਹਾਣਾ ਰੱਖ ਕੇ ਗੂੜ੍ਹੀ ਨੀਂਦ, ਤੂਫਾਨ ਵਿੱਚ ਵੀ ਸੋ ਰਿਹਾ ਸੀਂ।

ਚੇਲਿਆਂ ਨੇਂ ਯਿਸੂ ਨੂੰ ਚੀਕ੍ ਕੇ ਜਗਾਇਆ, “ਗੁਰੁ ਜੀ, ਗੁਰੁ ਜੀ, ਅਸੀਂ ਨਸ਼ਟ ਹੋ ਚੱਲੇਂ ਹਾਂ।”




ਯਿਸੂ ਨੇਂ ਆਪਣੇ ਚੇਲਿਆਂ ਨੂੰ ਪੁੱਛਿਆ, “ਹੇ ਥੋੜੀ ਪਰਤੀਤ ਵਾਲਿਉ, ਤੁਸੀਂ ਕਿਉਂ ਡਰ ਰਹੇ ਹੋ?” ਤਦ ਯਿਸੂ ਨੇਂ ਹਵਾ ਨੂੰ ਰੁਕਣ ਲਈ ਆਗਿਆ ਦਿੱਤੀ ... ਅਤੇ ... ਯਿਸੂ ਨੇਂ ਕੜਕ ਲਹਿਰਾਂ ਨੂੰ ਸ਼ਾਂਤ
ਹੋਣ ਅਤੇ ਲੇਟਣ ਲਈ ਆਗਿਆ ਦਿੱਤੀ।

ਅਤੇ ਹਵਾ ਥੰਮ ਗਈ ... ਅਤੇ ਸਮੁੰਦਰ ਸ਼ਾਂਤ ਹੋਇਆ ਅਤੇ ਟਿਕ ਗਿਆ। ਚੇਲੇ ਅਚੰਭੇ ਹੋ ਕੇ ਬੋਲੇ, “ਇਹ ਕੌਂਣ ਹੈ, ਕੀ ਹਵਾ ਅਤੇ ਸਮੁੰਦਰ ਵੀ ਉਸਦਾ ਕਹਿਣਾ ਮੰਨਦੇ ਹਨ!”





ਕੁਝ ਸਮੇਂ ਬਾਅਦ, ਯਿਸੂ ਨੇ ਇੱਕ ਹੋਰ ਵਿਅਸਥ ਦਿਨ ਬਿਤਾਇਆ। ਇੱਕ ਜੰਗਲੀ ਸਥਾਨ ਤੇ ਪੰਜ ਹਜ਼ਾਰ ਤੋਂ ਜਿਆਦਾ ਲੋਕ ਯਿਸੂ ਦੇ ਪਿੱਛੇ ਆਏ।



ਪਰਮੇਸ਼ਵਰ ਦੀ ਸਾਮਰਥ ਨਾਲ, ਯਿਸੂ ਨੇ
ਇੱਕ ਲੜਕੇ ਦੇ ਦੁਪਹਿਰ ਦੇ ਭੋਜਨ ਨਾਲ
ਸਾਰੀ ਭੀੜ ਨੂੰ ਖੁਆਇਆ। ਹੁਣ
ਸ਼ਾਮ ਹੋ ਰਹੀ ਸੀ।
ਯਿਸੂ ਨੇ ਸਾਰਿਆਂ
ਨੂੰ ਦੂਰ ਭੇਜ
ਦਿੱਤਾ।

ਇੱਥੋਂ ਤੱਕ ਚੇਲਿਆਂ ਨੇ ਵੀ ਜਾਣਾ ਸੀਂ। ਯਿਸੂ ਨੇ ਉਹਨਾਂ ਨੂੰ ਬੇੜੀ ਵਿੱਚ ਬੈਠਣ ਲਈ ਅਤੇ ਆਪਣੇ ਤੋਂ





ਜਦ ਉਸਨੇਂ
ਸਾਰਿਆਂ ਨੂੰ ਭੇਜ
ਦਿੱਤਾ, ਯਿਸੂ
ਪਹਾੜ ਉੱਤੇ
ਪ੍ਰਾਥਨਾਂ ਕਰਨ
ਲਈ ਗਿਆ।ਜਦ
ਸ਼ਾਮ ਹੋਈ ਤਾਂ
ਉਹ ਉੱਥੇ ਇਕੱਲਾ
ਸੀਂ।



ਬਾਹਰ ਝੀਲ ਵਿੱਚ,
ਚੇਲੇ ਹਨੇਰੀ ਵਿੱਚ ਫਸ
ਗਏ। ਹਨੇਰੀ ਨੇ ਉਹਨਾਂ
ਨੂੰ ਪਾਣੀ ਦੇ ਉਸ
ਪਾਰ ਜਾਣ ਤੋਂ
ਰੋਕ ਦਿੱਤਾ,
ਭਾਂਵੇ ਉਹ
ਘੰਟਿਆਂ ਤੋਂ
ਰਫ਼ਤਾਰ ਵਿੱਚ
ਸਨ।


ਚੇਲੇ ਇਹ ਨਹੀ ਜਾਣਦੇ ਸਨ, ਪਰ ਉਹ ਵੀ ਵੱਡੀ ਹੈਰਾਨੀ ਵਿੱਚ ਸਨ!



ਸਵੇਰ ਦੇ ਤਿੰਨ ਤੋਂ ਛੇ ਵਜੇ ਦੇ ਵਿਚਕਾਰ, ਸਮੁੰਦਰ ਦੇ ਵਿੱਚ ਵਗਦੀਆਂ ਹਵਾਵਾਂ ਦੌਰਾਨ, ਚੇਲਿਆਂ ਨੇ ਉਹ ਵੇਖਿਆ ਜਿਸ ਨੇ ਉਹਨਾਂ ਨੂੰ ਡਰ ਨਾਲ ਭਰ ਦਿੱਤਾ।



ਉਹ ਚਿਲਾਏ,
“ਇਹ ਇੱਕ ਭੂਤ
ਹੈ।” ਪਰ ਉਹ
ਯਿਸੂ ਸੀ, ਉਹਨਾਂ
ਦਾ ਪ੍ਰਭੂ ਅਤੇ ਗੁਰੂ,
ਪਾਣੀ ਉੱਤੇ ਚੱਲ ਕੇ
ਉਹਨਾਂ ਦੇ ਕੋਲ ਆ
ਰਿਹਾ ਸੀ।



ਤੁਸੀ ਹੌਂਸਲਾ ਰੱਖੋ!"
ਯਿਸੂ ਨੇ ਉਹਨਾਂ ਨੂੰ
ਆਖਿਆ। "ਇਹ ਮੈਂ
ਹਾਂ; ਨਾਂ ਡਰੋ।" ਪਤਰਸ
ਨੇ ਉੱਤਰ ਦਿੱਤਾ, "ਗੁਰੁ
ਜੀ, ਜੇਕਰ ਇਹ ਤੁਸੀ
ਹੋ, ਮੈਨੂੰ ਵੀ ਪਾਣੀ ਉੱਤੇ
ਚੱਲ ਕੇ ਤੁਹਾਡੇ ਕੋਲ
ਆਉਣ ਦੀ ਆਗਿਆ
ਦਿਉ।"



ਯਿਸੂ ਨੇ ਆਖਿਆ,
“ਆ” ਬਹਾਦੁਰੀ
ਨਾਲ ਪਤਰਸ
ਬੇੜੀਓਂ ਪਾਣੀ ਉੱਤੇ
ਉੱਤਰ ਕੇ, ਯਿਸੂ ਦੀ
ਵੱਲ ਤੁਰਨ ਲੱਗਾ।





ਪਰ ਜਦ ਉਸਨੇ
ਲਹਿਰਾਂ ਨੂੰ ਘੁਮਦੇ
ਵੇਖਿਆ, ਪਤਰਸ
ਡਰ ਗਿਆ, ਅਤੇ
ਡੁੱਬਣ ਲੱਗਾ।
ਉਹ ਚਿਲਾਇਆ,
“ਪ੍ਰਭੂ, ਮੈਨੂੰ
ਬਚਾ!”

ਤੁਰੰਤ ਹੀ, ਯਿਸੂ ਨੇ ਆਪਣਾ ਹੱਥ ਵਧਾਇਆ ਅਤੇ ਪਤਰਸ ਨੂੰ ਫੜ ਲਿਆ। “ਹੇ ਥੋੜੀ ਪਰਤੀਤ ਵਾਲਿਆ, ਤੂੰ ਕਿਉਂ ਸ਼ੱਕ ਕੀਤਾ?” ਉਸਨੇ ਪੁੱਛਿਆ। ਅਤੇ ਜਦ ਪਤਰਸ ਅਤੇ ਪ੍ਰਭੂ ਯਿਸੂ ਬੇੜੀ ਵਿੱਚ ਚਲੇ ਗਏ, ਤਾਂ ਹਵਾ ਰੁੱਕ ਗਈ।



ਤਦ ਉਹ ਜਿਹੜੇ ਬੇੜੀ ਵਿੱਚ ਸਨ ਆਏ ਅਤੇ ਉਸਦੀ ਅਰਾਧਨਾ ਕੀਤੀ, ਅਤੇ ਆਖਿਆ, “ਸੱਚ ਮੁੱਚ ਤੁਸੀਂ ਪਰਮੇਸ਼ਵਰ ਦੇ ਪੁੱਤਰ ਹੋ।”



# ਯਿਸੂ ਨੇਂ ਸਮੁੰਦਰੀ ਤੂਫਾਨ ਨੂੰ ਸ਼ਾਂਤ ਕੀਤਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜੀਲ 8,
ਮੱਤੀ ਦੀ ਇੰਜੀਲ 14, ਮਰਕੁਸ ਦੀ ਇੰਜੀਲ 4,
ਲੂਕਾ ਦੀ ਇੰਜੀਲ 8

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16